

**"ਮੱਕੀ ਦੀ ਰੋਟੀ, ਮੱਖਣ ਦਾ ਪੇੜਾ  ਨਾਲ ਸਰੋਂ ਦਾ ਸਾਗ ,ਮੇਰਾ ਭੁੱਲ ਗਿਆ ਪੰਜਾਬ**
**ਛੱਡ ਲੱਸੀ ਦਾ ਸ਼ੰਨਾ,ਪੀਂਦੇ ਪਏ  ਸ਼ਰਾਬ ,ਆਓ  ਬਚਾ ਲੀਏ ਪੰਜਾਬ"**

## ਨਵੀਂ ਤਹਿਜ਼ੀਬ

ਨਵੀਂ ਤਹਿਜ਼ੀਬ ਤੋਂ ਭਾਵ **ਪੱਛਮੀ ਸੱਭਿਅਤਾ** ਤੋਂ ਹੈ ਅੱਜ ਦੁੱਖ ਲੱਗਦਾ ਹੈ ਕਿ ਜਿੱਥੇ ਪੰਜਾਬ ਦੇ ਲੋਕ ਜਿੰਨੀ ਜਲਦੀ ਪੱਛਮੀ ਸੱਭਿਅਤਾ ਨੂੰ ਸਵੀਕਾਰ ਕਰ ਰਹੇ ਹਨ ਉੱਥੇ ਕੀਤੇ ਵੱਧ ਅਸੀਂ  ਪੰਜਾਬੀ ਸੱਭਿਆਚਾਰ  ਨੂੰ ਭੁੱਲ ਰਹੇ ਹਾਂ |ਜੇਕਰ ਅੱਜ ਕਿਸੇ ਵੀਂ ਨੌਜਵਾਨ ਤੋਂ  ਪੰਜਾਬ ਦੇ ਸੱਭਿਆਚਾਰ ਦੇ ਚਿੰਨ ਜਿਵੇਂ ਟਿੰਡਾਂ, ਖ਼ੂਹ, ਪਹਿਰਾਵਾ, ਲੋਕ ਗੀਤ, ਲੋਕ ਅਖਾਣਾਂ, ਸੱਥ ਆਦਿ ਬਾਰੇ ਪੁੱਛ ਲਿਆ ਜਾਵੇ ਤਾਂ ਉਸ ਨੂੰ ਕੋਈ ਜਾਣਕਾਰੀ ਹੀ ਨਹੀਂ ਹੋਵੇਗੀ ਕਿਉਂਕਿ ਅੱਜ ਦੀ ਪੀੜ੍ਹੀ ਪੰਜਾਬੀ ਸੱਭਿਅਤਾ ਤੋਂ ਵਿਸਰ ਰਹੀ ਹੈ |ਇਸ ਦਾ  ਜ਼ੁੰਮੇਵਾਰ ਕੋਈ ਹੋਰ ਨਹੀਂ ਅਸੀਂ ਹਾਂ ਪੰਜਾਬੀ ਬੋਲਣ, ਲਿਖਣ, ਪੜ੍ਹਨ ਨੂੰ ਤਰਜੀਹ ਨਾ ਦੇ ਕੇ ਸਗੋਂ ਆਪਣੀ ਹੀ  ਮਾਤ-ਭਾਸ਼ਾ ਨੂੰ ਬੋਲਣ ਵਿੱਚ ਸ਼ਰਮ ਮਹਿਸੂਸ ਕਰਦੇ ਹਾਂ ਕਿਉਂਕਿ ਅਸੀਂ ਪੱਛਮੀ ਸੱਭਿਆਤਾ ਦੇ ਅਨੁਸਾਰ ਰਹਿਣਾ ਦਾ ਸਲੀਕਾ ਸਵੀਕਾਰ ਕਰ ਰਹੇ ਹਾਂ|



ਪੁਰਾਤਨ ਸਮੇਂ ਵਿੱਚ ਸੰਯੁਕਤ ਪਰਿਵਾਰ ਸਨ ਸਾਰੇ  ਪਰਿਵਾਰ ਮਿਲ ਜੁਲ ਕੇ ਰਹਿੰਦੇ ਸਨ , ਇੱਕ ਦੂਜੇ ਨਾਲ ਹਰ ਦੁੱਖ -ਸੁੱਖ ਵੰਡਦੇ ਸਨ  ਹੁਣ ਸੰਯੁਕਤ  ਪਰਿਵਾਰ ਦੀ ਥਾਂ ਲਘੂ ਪਰਿਵਾਰ ਨੇ ਲੈ ਲਈ ਹੈ ਜਿੱਥੇ ਅਸੀਂ ਬੱਚਿਆਂ ਨੂੰ ਸਮਾਂ ਨਹੀਂ ਦੇ ਰਹੇ ਸਾਰਾ ਦਿਨ ਅਸੀਂ ਕੰਮ –ਕਾਜ ਵਿੱਚ ਹੀ ਦਿਨ ਬਤੀਤ ਕਰ ਰਹੇ ਹਾਂ ਜਾਂ ਮੋਬਾਇਲ ਫੋਨ ਤੇ |ਜਿਸ ਦਾ ਨਤੀਜਾ ਅਸੀਂ ਰੋਜ਼ ਅਖਬਾਰਾਂ ਵਿੱਚ ਦੇਖਦੇ ਹਾਂ ਦਿਨ ਪ੍ਰਤੀ ਦਿਨ ਨਸ਼ਿਆਂ ਦਾ ਵਧਣਾ, ਦਿਮਾਗੀ ਪ੍ਰੇਸ਼ਾਨੀਆਂ, ਆਤਮ ਹੱਤਿਆ ਆਦਿ ਵਿੱਚ ਵਾਧਾ |



ਮੈਂ ਕਾਰਨ ਨਵੀਂ ਤਹਿਜ਼ੀਬ ਨੂੰ ਮੰਨਦੀ ਹਾਂ |ਸਾਨੂੰ ਆਪਣਾ ਰਹਿਣ ਸਹਿਣ ਦਾ ਤਰੀਕਾ ਬਦਲਣਾ ਪਵੇਗਾ ਤਾਂ ਜੋਅਸੀਂ ਨਵੀਂ ਤਹਿਜ਼ੀਬ ਦੇ ਨਾਲ ਨਹੀਂ ਸਗੋਂ ਆਪਣੇ ਸੱਭਿਆਚਾਰ ਦੀਆਂ ਨੀਹਾਂ ਨੂੰ ਪੱਕਾ ਕਰ ਸਕੀਏ |

**ਮੇਰਾ ਸੂਬਾ ਮਸ਼ਹੂਰ ਸੀ ਵਿਰਸੇ ਦੇ ਨਾਂ ਤੇ**
**ਅੱਜ ਮਸ਼ਹੂਰ ਹੋ ਗਿਆ ਭ੍ਰਿਸ਼ਟਾਚਾਰੀ ਤੇ ਨਸ਼ੇ ਦੇ ਨਾਂ ਤੇ|**
**ਕਿੱਥੇ ਗਿਆ ਔਰਤਾਂ ਦਾ ਸਨਮਾਨ,ਸਤਿਕਾਰ**
**ਅੱਜ ਹਰ ਕੋਈ ਡਰੀ ਜਾਂਦਾ ਸੂਬੇ ਦੇ ਨਾਂ ਤੇ |**

ਮੈਂ ਆਸ ਕਰਦੀ ਹਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਦਾ ਰੁਝਾਨ ਪੰਜਾਬੀ ਸੱਭਿਆਚਾਰ ਵੱਲ ਹੋਵੇ ਤਾਂ ਜੋ ਅਸੀਂ ਸਾਰੇ ਮਿਲ ਕੇ ਸੱਭਿਆਚਾਰ ਨੂੰ ਸੰਭਾਲ ਸਕੀਏ | ਸਾਡਾ ਸੂਬੇ ਦੇ ਨੌਜਵਾਨ ਨਸ਼ਾ ਛਡਾਉ ਕੇਂਦਰ ਵਿੱਚ ਨਹੀਂ ਸਗੋਂ ਧਰਮ ਦੇ ਰਾਹ ਤੇ ਸਮਾਜ ਸੇਵੀ ਹੋਣ ਤਾਂ ਜੋ ਮੁੜ ਪੁਰਾਣੇ ਵਿਰਸੇ ਨਾਲ ਜੁੜਨ ਸਕਣ |




ਅਮਨਪ੍ਰੀਤ ਕੌਰ (ਪੰਜਾਬੀ ਅਧਿਆਪਕਾ )
ਕਿਡਜ਼ ਆਰ ਕਿਡਜ਼ ਸੈਕੰਡਰੀ ਸਕੂਲ
ਸੈਕਟਰ ੪੨
ਚੰਡੀਗੜ੍ਹ